# ਪੰਜਾਬ ਸਕੂਲ ਸਿੱਖਿਆ ਬੋਰਡ

ਸਾਹਿਬਜਾਦਾ ਅਜੀਤ ਸਿੰਘ ਨਗਰ-160062

(ਵਜੀਫਾ ਸ਼ਾਖਾ)

**ਵਿਸ਼ਾ:- ਅੱਠਵੀ,ਦਸਵੀਂ ਅਤੇ ਬਾਰ੍ਹਵੀਂ ਪ੍ਰੀਖਿਆ ਵਿੱਚੋਂ ਮੈਰਿਟ ਤੇ ਆਏ ਪ੍ਰੀਖਿਆਰਥੀਆਂ ਨੂੰ ਬੋਰਡ ਵਜੀਫੇ ਦੇਣ ਸਬੰਧੀ ।**

ਉਪਰੋਕਤ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਬੋਰਡ ਕੈਲੰਡਰ VOL-II ਵਿੱਚ ਅੱਠਵੀ,ਦਸਵੀਂ ਅਤੇ ਬਾਰ੍ਹਵੀਂ ਪ੍ਰੀਖਿਆ ਵਿੱਚੋਂ ਮੈਰਿਟ ਵਿੱਚ ਆਏ ਪ੍ਰੀਖਿਆਰਥੀਆਂ ਨੂੰ ਬੋਰਡ ਵਜੀਫਾ ਦੇਣ ਲਈ ਉਪਬੰਧ ਦਰਜ ਹੈ ।

ਮੈਰਿਟ ਵਿੱਚ ਆਏ ਪ੍ਰੀਖਿਆਰਥੀਆਂ ਨੂੰ ਬੋਰਡ ਵੱਲੋਂ ਵਜੀਫੇ ਦੇਣ ਸਬੰਧੀ ਹਦਾਇਤਾਂ:-

1. ਉਕਤ ਦਰਸਾਈ ਸਕੀਮ ਤਹਿਤ ਸਕੂਲ ਮੁੱਖੀ ਅੱਠਵੀਂ,ਦਸਵੀਂ ਅਤੇ ਬਾਰ੍ਹਵੀਂ ਜਮਾਤ ਵਿੱਚ ਮੈਰਿਟ ਵਾਲੇ ਪ੍ਰੀਖਿਆਰਥੀਆਂ ਦੇ ਬਿੱਲ ਫਾਰਮ ਤਸਦੀਕ ਕਰਕੇ ਸਮੇਂ ਸਿਰ ਮੁੱਖ ਦਫਤਰ ਭੇਜਣੇ ਯਕੀਨੀ ਬਣਾਉਣਗੇ (ਬਿੱਲ ਫਾਰਮ ਅਤੇ ਹਦਾਇਤਾਂ ਬੋਰਡ ਦੀ ਵੈਬ-ਸਾਇਟ www.pseb.ac.in ਤੇ ਉਪਲੱਬਧ ਹਨ)
2. ਮਿੱਥੇ ਸਮੇਂ ਦੇ ਅੰਦਰ-ਅੰਦਰ ਜੇਕਰ ਕਿਸੇ ਸਕੂਲ ਵੱਲੋਂ ਪ੍ਰੀਖਿਆਰਥੀਆਂ ਨੂੰ ਸਮੇਂ ਸਿਰ ਅਪਲਾਈ ਨਹੀਂ ਕਰਵਾਇਆ ਗਿਆ ਤਾਂ ਇਸ ਦੀ ਨਿਰੋਲ ਜਿੰਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ।
3. ਜਿਉਂ ਹੀ ਪ੍ਰੀਖਿਆਰਥੀ ਆਪਣੀ ਪੜ੍ਹਾਈ ਛੱਡ ਦੇਵੇਗਾ ਤਿਉਂ ਹੀ ਵਜੀਫੇ ਦੀ ਅੱਵਧੀ ਦੇ ਦੌਰਾਨ ਵਜੀਫਾ ਖਤਮ ਹੋ ਜਾਵੇਗਾ । ਵਜੀਫਾ ਧਾਰਕ ਜਿਸ ਸ਼੍ਰੇਣੀ ਵਿੱਚ ਦਾਖਲ ਹੋਇਆ ਹੈ ਜੇਕਰ ਉਸ ਦੀ ਸਲਾਨਾ ਪ੍ਰੀਖਿਆ ਵਿੱਚ ਫੇਲ ਹੋ ਜਾਵੇ ਤਾਂ ਇਹ ਵਜੀਫਾ ਆਪਣੇ ਆਪ ਖਤਮ ਹੋ ਜਾਵੇਗਾ।
4. ਸਕੂਲ ਮੁੱਖੀ ਸਪਸ਼ਟ ਕਰਨਗੇ ਕਿ ਵਜੀਫਾ ਧਾਰਕ ਦਾ ਆਚਰਣ/ਵਤੀਰਾ ਬਹੁਤ ਚੰਗਾ ਹੈ ਅਤੇ ਉਸਦੇ ਖਿਲਾਫ ਕੋਈ ਵੀ ਅਜਿਹੀ ਗੱਲ ਨਹੀਂ ਜਿਸ ਕਰਕੇ ਬੋਰਡ ਵੱਲੋਂ ਉਸਨੂੰ ਵਜੀਫਾ ਦੇਣ ਵਿੱਚ ਕੋਈ ਇਤਰਾਜ ਹੋਵੇ।
5. ਅੱਠਵੀ,ਦਸਵੀਂ ਅਤੇ ਬਾਰ੍ਹਵੀਂ ਦੇ ਪ੍ਰੀਖਿਆਰਥੀ ਜਿਸ ਵੀ ਸਕੂਲ/ਕਾਲਜ ਵਿੱਚ ਪੜ੍ਹ ਰਹੇ ਹਨ, ਬਿੱਲ ਫਾਰਮ ਉਸੇ ਹੀ ਸਕੂਲ/ਕਾਲਜ ਮੁੱਖੀ ਤੋਂ ਤਸਦੀਕ ਕਰਵਾਕੇ ਦਸਤੀ ਜਾਂ ਡਾਕ ਰਾਹੀਂ ਭੇਜਣਗੇ।
6. ਅੱਠਵੀਂ ਅਤੇ ਦਸਵੀਂ ਸ਼੍ਰੇਣੀਆਂ ਦੇ ਪ੍ਰੀਖਿਆਰਥੀਆਂ ਨੂੰ ਦੋ ਸਾਲਾਂ ਦਾ ਵਜੀਫਾ ਦਿੱਤਾ ਜਾਂਦਾ ਹੈ । ਪਹਿਲੇ ਸਾਲ ਦੀ ਪੜ੍ਹਾਈ ਲਈ ਇੱਕ ਹੀ ਬਿੱਲ ਫਾਰਮ ਭੇਜਿਆ ਜਾਵੇ,ਦੂਜੇ ਸਾਲ ਦੀ ਪੜ੍ਹਾਈ ਲਈ ਦੁਬਾਰਾ ਵਜੀਫਾ ਬਿੱਲ ਫਾਰਮ ਭਰਕੇ ਭੇਜਿਆ ਜਾਵੇ। ਬਾਰ੍ਹਵੀਂ ਸ਼੍ਰੇਣੀ ਦੇ ਪ੍ਰੀਖਿਆਰਥੀਆਂ ਨੂੰ ਇੱਕ ਸਾਲ ਲਈ ਹੀ ਵਜੀਫਾ ਦਿੱਤਾ ਜਾਵੇਗਾ।
7. ਜੇਕਰ ਬਾਰ੍ਹਵੀਂ ਸ਼੍ਰੇਣੀ ਦੇ ਮੈਰਿਟ ਵਾਲੇ ਪ੍ਰੀਖਿਆਰਥੀ ਵੱਲੋਂ MHRD ਵਿਖੇ Online Apply ਕਰਦਾ ਹੈ ਤੇ MHRD ਵੱਲੋਂ ਦਿੱਤੇ ਜਾ ਰਹੇ ਵਜੀਫੇ ਦੇ ਯੋਗ ਹੈ ਤਾਂ ਉਹ ਪ੍ਰੀਖਿਆਰਥੀ ਬੋਰਡ ਦੇ ਵਜੀਫੇ ਲਈ ਹੱਕਦਾਰ ਨਹੀਂ ਹੋਵੇਗਾ । ਕੇਵਲ ਇੱਕ ਹੀ ਵਜੀਫੇ ਦਾ ਹੱਕਦਾਰ ਹੋਵੇਗਾ।

ਨੋਟ;- ਬੋਰਡ ਵਜੀਫਾ ਸਕੀਮ ਅਧੀਨ ਪ੍ਰੀਖਿਆਰਥੀਆਂ ਦੇ ਬਿੱਲ ਫਾਰਮ ਪੂਰੀ ਤਰਾਂ ਭਰਕੇ ਭੇਜਣ ਦੀ ਨਿਰੋਲ ਜਿੰਮੇਵਾਰੀ ਸਬੰਧਤ ਸਕੂਲ ਮੁੱਖੀ ਦੀ ਹੋਵੇਗੀ। ਜੇਕਰ ਪ੍ਰੀਖਿਆਰਥੀ ਸਿੱਧੇ ਤੌਰ ਤੇ ਮੁੱਖ ਦਫਤਰ ਆ ਕੇ ਵਜੀਫੇ ਦਾ ਚੈੱਕ ਪ੍ਰਾਪਤ ਕਰਦਾ ਹੈ, ਤਾਂ ਉਹ ਸਬੰਧਤ ਸਕੂਲ ਦੇ ਪ੍ਰਿੰਸੀਪਲ ਤੋਂ ਤਸਦੀਕਸ਼ੁਦਾ ਲੈਟਰਹੈਂਡ ਲਿਖਵਾ ਕੇ ਲੇਖਾ ਸ਼ਾਖਾ-9 ਵਿੱਚ ਜਮ੍ਹਾਂ ਕਰਵਾਉਣ ਉਪਰੰਤ ਚੈੱਕ ਪ੍ਰਾਪਤ ਕਰ ਸਕੇਗਾ।ਬਿੱਲ ਫਾਰਮ ਕੇਵਲ ਮੈਰਿਟ ਵਾਲੇ ਪ੍ਰੀਖਿਆਰਥੀ ਹੀ ਭਰਨਗੇ ਅਤੇ ਪ੍ਰੀਖਿਆਰਥੀ ਦਾ ਮੈਰਿਟ ਸੂਚੀ ਵਾਲਾ ਲੜੀ ਨੰ. ਹੀ ਬਿੱਲ ਫਾਰਮ ਦੇ ਲੜੀ ਨੰਬਰ ਵਾਲੇ ਕਾਲਮ ਵਿੱਚ ਭਰਿਆ ਜਾਵੇ।

ਟੈਲੀਫੋਨ ਨੰ. 0172-5227358

# **ਪੰਜਾਬ ਸਕੂਲ ਸਿੱਖਿਆ ਬੋਰਡ**

ਸਾਹਿਬਜਾਦਾ ਅਜੀਤ ਸਿੰਘ ਨਗਰ-160062

ਨੰ.ਪਸਸਬ/ਸਕਾਲਰਸ਼ਿਪ/2263

ਮਿਤੀ. 08/07/2025

ਵੱਲ,

1. ਸਮੂਹ ਜਿਲ੍ਹਾ ਸਿੱਖਿਆ ਅਫਸਰ
2. ਸਮੂਹ ਜਿਲ੍ਹਾ ਮੈਨੇਜਰ,ਖੇਤਰੀ ਦਫਤਰ

ਵਿਸ਼ਾ:- ਸਾਲ 2025 ਵਿੱਚ ਬਾਰ੍ਹਵੀਂ **ਪ੍ਰੀਖਿਆ ਵਿੱਚੋਂ ਮੈਰਿਟ ਵਿੱਚ ਆਏ ਪ੍ਰੀਖਿਆਰਥੀਆਂ ਨੂੰ ਬੋਰਡ ਵੱਲੋਂ ਦਿੱਤੇ ਜਾਣ ਵਾਲੇ ਵਜੀਫੇ ਦੇ ਬਿੱਲ ਫਾਰਮ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਭੇਜਣ ਸਬੰਧੀ ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਆਪਣੇ ਅਧੀਨ ਆਉਂਦੀਆਂ ਸਮੂਹ ਸੰਸਥਾ ਦੇ ਮੁੱਖੀਆਂ ਨੂੰ ਜਾਣੂ ਕਰਵਾਇਆ ਜਾਵੇ ਕਿ **ਅੱਠਵੀਂ,ਦਸਵੀਂ ਅਤੇ ਬਾਰ੍ਹਵੀਂ ਪ੍ਰੀਖਿਆ ਸਾਲ** 2025 ਦੇ ਮੈਰਿਟ ਵਿੱਚ ਆਏ ਪ੍ਰੀਖਿਆਰਥੀਆਂ ਨੂੰ ਵਜੀਫੇ ਦਾ ਲਾਭ ਲੈਣ ਲਈ ਨਿਰਧਾਰਿਤ ਬਿੱਲ ਫਾਰਮ ਅਤੇ ਹਦਾਇਤਾਂ ਬੋਰਡ ਦੀ ਵੈਬ ਸਾਈਟ www.pseb.ac.in/en ਤੋਂ ਡਾਊਨ ਲੋਡ ਕਰਕੇ ਬਿੱਲ ਫਾਰਮ ਹਰ ਪੱਖੋਂ ਮੁਕੰਮਲ ਕਰਨ/ਤਸਦੀਕ ਕਰਵਾਉਣ ਉਪਰੰਤ ਹਾਰਡ ਕਾਪੀ ਸੈਸ਼ਨ ਵਾਈਜ਼ ਮੁੱਖ ਦਫਤਰ, ਸੁਪਰਡੰਟ (ਲੇਖਾ-9), ਸੀ-ਬਲਾਕ, ਤੀਜੀ ਮੰਜਿਲ ਪੰਜਾਬ ਸਕੂਲ ਸਿੱਖਿਆ ਬੋਰਡ, ਐਸ.ਏ.ਐਸ.ਨਗਰ (160062) ਨੂੰ ਮਿਤੀ. 30/09/2025 ਤੱਕ ਦਸਤੀ ਜਾਂ ਡਾਕ ਰਾਹੀਂ ਭੇਜੇ ਜਾਣ।

ਜਰੂਰੀ ਨੋਟ: ਦਫਤਰ ਵੱਲੋਂ ਡਾਕ ਰਾਹੀ ਵੱਖਰੇ ਤੌਰ ਤੇ ਬੋਰਡ ਵਜੀਫਾ ਬਿੱਲ ਫਾਰਮ ਨਹੀਂ ਭੇਜੇ ਜਾਣਗੇ ।

ਸੁਪਰਡੰਟ (ਸਕਾਲਰਸ਼ਿਪ)

ਪੰਜਾਬ ਸਕੂਲ ਸਿੱਖਿਆ ਬੋਰਡ ।

# ਪੰਜਾਬ ਸਕੂਲ ਸਿੱਖਿਆ ਬੋਰਡ

ਸਾਹਿਬਜਾਦਾ ਅਜੀਤ ਸਿੰਘ ਨਗਰ-160062

ਨੰ.ਪਸਸਬ/ਸਕਾਲਰਸ਼ਿਪ/2263
ਮਿਤੀ.08/07/2025

ਵੱਲ,

ਵਾਈਸ ਚਾਂਸਲਰ,

1. GURU NANAK DEV UNIVERSITY, AMRITSAR
2. PUNJABI UNIVERSITY, PATIALA
3. LOVELY PROFESSIONAL UNIVERSITY, JALANDHAR
4. BABA FARID UNIVERSITY OF HEALTH SCIENCE, FARIDKOT
5. CHITKARA UNIVERSITY, RAJPURA
6. PUNJAB UNIVERSITY, CHANDIGARH
7. DPI (COLLEGES)
8. DPI (SCHOOLS)

ਵਿਸ਼ਾ:- ਸਾਲ 2025 ਵਿੱਚ **ਬਾਰ੍ਹਵੀਂ ਪ੍ਰੀਖਿਆ ਵਿੱਚੋਂ ਮੈਰਿਟ ਵਿੱਚ ਆਏ ਪ੍ਰੀਖਿਆਰਥੀਆਂ ਨੂੰ ਬੋਰਡ ਵੱਲੋਂ ਦਿੱਤੇ ਜਾਣ ਵਾਲੇ ਵਜੀਫੇ ਦੇ ਬਿੱਲ ਫਾਰਮ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਭੇਜਣ ਸਬੰਧੀ ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਆਪਣੇ ਅਧੀਨ ਆਉਂਦੀਆ ਸਮੂਹ ਸੰਸਥਾਵਾਂ ਦੇ ਮੁੱਖੀਆਂ ਨੂੰ ਜਾਣੂ ਕਰਵਾਇਆ ਜਾਵੇ ਕਿ **ਅੱਠਵੀਂ,ਦਸਵੀਂ ਅਤੇ ਬਾਰ੍ਹਵੀਂ ਪ੍ਰੀਖਿਆ ਸਾਲ** 2025 ਦੇ ਮੈਰਿਟ ਵਿੱਚ ਆਏ ਪ੍ਰੀਖਿਆਰਥੀਆਂ ਨੂੰ ਵਜੀਫੇ ਦਾ ਲਾਭ ਲੈਣ ਲਈ ਨਿਰਧਾਰਿਤ ਬਿੱਲ ਫਾਰਮ ਅਤੇ ਹਦਾਇਤਾਂ ਬੋਰਡ ਦੀ ਵੈਬ ਸਾਈਟ www.pseb.ac.in/en ਤੋਂ ਡਾਊਨ ਲੋਡ ਕਰਕੇ ਬਿੱਲ ਫਾਰਮ ਹਰ ਪੱਖੋਂ ਮੁਕੰਮਲ ਕਰਨ/ਤਸਦੀਕ ਕਰਵਾਉਣ ਉਪਰੰਤ ਹਾਰਡ ਕਾਪੀ ਸੈਸ਼ਨ-ਵਾਈਜ਼ ਮੁੱਖ ਦਫਤਰ, ਸੁਪਰਡੰਟ (ਲੇਖਾ-9), ਸੀ-ਬਲਾਕ, ਤੀਜੀ ਮੰਜਿਲ ਪੰਜਾਬ ਸਕੂਲ ਸਿੱਖਿਆ ਬੋਰਡ, ਐਸ.ਏ.ਐਸ.ਨਗਰ (160062) ਨੂੰ ਮਿਤੀ. 30/09/2025 ਤੱਕ ਦਸਤੀ ਜਾਂ ਡਾਕ ਰਾਹੀਂ ਭੇਜੇ ਜਾਣ।

ਜਰੂਰੀ ਨੋਟ: ਦਫਤਰ ਵੱਲੋਂ ਡਾਕ ਰਾਹੀ ਵੱਖਰੇ ਤੌਰ ਤੇ ਬੋਰਡ ਵਜੀਫਾ ਬਿੱਲ ਫਾਰਮ ਨਹੀਂ ਭੇਜੇ ਜਾਣਗੇ ।

ਸੁਪਰਡੰਟ (ਸਕਾਲਰਸ਼ਿਪ)

ਪੰਜਾਬ ਸਕੂਲ ਸਿੱਖਿਆ ਬੋਰਡ ।